B.C.M.SCHOOL, BASANT AVENUE, DUGRI, LUDHIANA
ਜਮਾਤ ਛੇਵੀਂ ਵਿਸ਼ਾ ਪੰਜਾਬੀ

**Assignment**

**ਅਣਡਿੱਠਾ ਪੈਰ੍ਹਾ**

ਆਮ ਸਧਾਰਨ ਹਾਲਤ ਵਿੱਚ ਜਦੋਂ ਕੋਈ ਪਰਮਾਤਮਾ ਨੂੰ ਯਾਦ ਕਰਦਾ ਹੈ ਤਾਂ ਉਹ ਉਸੇ ਹਿਰਦੇ ਵਿਚੋਂ ਪ੍ਰਤੱਖ ਹੁੰਦਾ ਹੈ। ਉਸਨੂੰ ਉਹ ਕਿਸੇ ਤਰ੍ਹਾਂ ਵੀ ਆਚਰਨ ਪੱਖੋ ਗਿਰਨ ਨਹੀਂ ਦਿੰਦਾ। ਹਰ ਔਖੇ ਮੌਕੇ ਤੇ ਉਸਦੀ ਰਾਖੀ ਕਰਦਾ ਹੈ, ਉਸਦੇ ਨਾਲ ਰਹਿੰਦਾ ਹੈ। ਸਾਡੇ ਜੀਵਨ ਵਿੱਚ ਸਭ ਤੋਂ ਔਖੇ ਮੌਕੇ ਉਹ ਹੁੰਦੇ ਹਨ, ਜਦੋਂ ਅਸੀਂ ਆਚਰਨ ਕਰਕੇ ਗਿਰਨ ਲੱਗਦੇ ਹਾਂ।ਪਰਮਾਤਮਾ ਦਾ ਸਿਮਰਨ ਐਸੀਆਂ ਔਖੀਆਂ ਘੜੀਆਂ ਤੋਂ ਸਾਡੀ ਰਾਖੀ ਕਰਦਾ ਹੈ। ਉਹ ਸਾਨੂੰ ਸ਼ਕਤੀ ਦਿੰਦਾ ਹੈ। ਫਿਰ ਅਸੀਂ ਕ੍ਰੋਧ ਨੂੰ,ਲਾਲਚ ਨੂੰ, ਬੁਰਾਈ ਨੂੰ ਤਿਆਗ ਦਿੰਦੇ ਹਾਂ। ਅਸੀਂ ਨਿਮਰ ਹੋ ਜਾਂਦੇ ਹਾਂ।ਭਗਤੀ ਦਾ ਫਲ ਸ਼ਕਤੀ ਹੈ ਤੇ ਸ਼ਕਤੀ ਮਨੁੱਖਤਾ ਅਤੇ ਸਮਾਜ ਲਈ ਕਲਿਆਣਕਾਰੀ ਹੁੰਦੀ ਹੈ। ਇਹ ਆਤਮਿਕ ਸ਼ਕਤੀ ਹੁੰਦੀ ਹੈ।ਇਹੋ ਸਾਨੂੰ ਨੇਕ ਮਨੁੱਖ ਬਣਾਉਂਦੀ ਹੈ ਤੇ ਬੁਰੇ ਕੰਮਾਂ ਤੋਂ ਰੋਕਦੀ ਹੈ। ਪਰਮਾਤਮਾ ਤੋਂ ਵੱਡਾ ਹੋਰ ਕੁਝ ਵੀ ਨਹੀਂ। ਉਸਦਾ ਆਸਰਾ ਲੈਣ ਵਾਲੇ ਕਦੇ ਵੀ ਨਹੀਂ ਡੋਲਦੇ।

ਪ੍ਰ:-ਪਰਮਾਤਮਾ ਕਿੱਥੋਂ ਮਿਲਦਾ ਹੈ?

ੳ)ਹਿਰਦੇ ਵਿੱਚੋਂ ਅ)ਘਰ ਵਿੱਚੋਂ ੲ)ਮੰਦਰਾਂ ਵਿੱਚੋਂ ਸ)ਹਰ ਕਿਤੋਂ

ਪ੍ਰ:-ਪਰਮਾਤਮਾ ਮਨੁੱਖ ਨੂੰ ਕਿਹੜੇ ਪੱਖੋਂ ਡਿੱਗਣ ਨਹੀਂ ਦਿੰਦਾ?

ੳ)ਗੱਲਬਾਤ ਪੱਖੋਂ ਅ)ਮਿਹਨਤ ਪੱਖੋਂ ੲ)ਆਚਰਣ ਪੱਖੋਂ। ਸ)ਹਰ ਪੱਖੋਂ

ਪ੍ਰ:-ਸਾਨੂੰ ਕਿਸ ਦਾ ਸਿਮਰਨ ਕਰਨਾ ਚਾਹੀਦਾ ਹੈ?

ੳ)ਮਨੁੱਖਾਂ ਦਾ ਅ) ਰੱਬ ਦਾ ੲ)ਬੱਚਿਆਂ ਦਾ ਸ) ਮਾਂ ਪਿਓ ਦਾ

ਪ੍ਰ:-ਰੱਬ ਸਾਨੂੰ ਬੁਰਾਈ ਤੋਂ ਬਚਣ ਲਈ ਕੀ ਪ੍ਰਦਾਨ ਕਰਦਾ ਹੈ?

ੳ)ਸ਼ਕਤੀ ਅ) ਦੁਆ ੲ)ਰਖਵਾਲੀ ਸ)ਅਸ਼ੀਰਵਾਦ

ਪ੍ਰ:-ਸਾਨੂੰ ਕਿਸ ਦਾ ਆਸਰਾ ਲੈਣਾ ਚਾਹੀਦਾ ਹੈ?

ੳ) ਮਨੁੱਖਤਾ ਦਾ ਅ) ਪ੍ਰਕਾਸ਼ ਦਾ। ੲ)ਪਰਮਾਤਮਾ ਦਾ । ਸ)ਗੁਰੂ ਦਾ

2. **ਡਿੱਠੀ ਕਾਵਿ ਟੁਕੜੀ**

ਪਰ ਸਪੇਰੇ ਕਰ ਸ਼ੈਤਾਨੀ,
ਪਟਾਰੀ ਨਹੀਂ ਸੀ ਖੋਲੀ ਹਾਲੇ।
ਪਟਾਰੀ ਕੋਲ ਸਪੇਰਾ ਆਇਆ,
ਨਾਗ ਰਾਜ ਨੂੰ ਉਸ ਸਹਿਲਾਇਆ।
ਉਸਨੇ ਉੱਚੀ ਗਰਦਨ ਚੁੱਕ ਕੇ,
ਜੋਰ ਦੀ ਇੱਕ ਫੰਕਾਰਾ ਲਾਇਆ।

ਪ੍ਰ:-ਸਪੇਰੇ ਨੇ ਕੀ ਸ਼ੈਤਾਨੀ ਕੀਤੀ ?

ਪ੍ਰ:-ਇਸ ਕਵਿਤਾ ਦੇ ਕਵੀ ਦਾ ਕੀ ਨਾਮ ਹੈ?

ਪ੍ਰ:-ਇਹ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

ਪ੍ਰ:-ਸਹਿਲਾਇਆ ਦਾ ਕੀ ਅਰਥ ਹੈ?

ਪ੍ਰ:-ਨਾਗ ਨੇ ਉੱਚੀ ਗਰਦਨ ਕਰਕੇ ਕੀ ਕੀਤਾ?

**ਵਿਆਕਰਨ**

ਪ੍ਰ:- ਗੱਡਾ ਦਾ ਲਿੰਗ ਬਦਲੋ:-

ੳ)ਗੱਡੀਆਂ ਅ) ਗੱਡੀ ੲ) ਗੱਡੇ ਸ)ਗੱਡ

ਪ੍ਰ:-ਕਾਹਲਾ ਦਾ ਵਿਰੋਧੀ ਸ਼ਬਦ ਚੁਣੋ:-

ੳ)ਧੀਮਾ ਅ) ਤੇਜ ੲ) ਫੁਰਤੀਲਾ ਸ)ਤਿੱਖਾ

ਪ੍ਰ:-'ਪਾਕਿਸਤਾਨੀ' ਦਾ ਬਹੁ ਵਚਨ ਚੁਣੋ:-

ੳ)ਪਾਕਿਸਤਾਨੀਓ ਅ) ਪਾਕਿਸਤਾਨੀ ੲ)ਪਾਕਿਸਤਾਨ ਸ)ਪਾਕਿਸਤਾਨੀਏ

ਪ੍ਰ:- ਸ਼ੁੱਧ ਸ਼ਬਦ ਜੋੜ ਚੁਣੋ:-

ੳ)ਕ੍ਰਿਕਟ। ਅ)ਕਰਿਕਟ ੲ)ਕ੍ਰਰਿਕਟ ਸ)ਕ੍ਰਿਕਟ

ਪ੍ਰ:-ਗਰਮੀ ਦਾ ਸਮਾਨਾਰਥਕ ਚੁਣੋ:-

ੳ)ਸਰਦੀ ਅ) ਪਸੀਨਾ ੲ) ਠੰਡਾ ਸ) ਤਪਸ਼

ਪ੍ਰ:- ਖਾਲੀ ਥਾਂ ਭਰੋ:-

ਆਪਣੇ ਪੈਰੀ ਆਪ _______ ਮਾਰਨਾ।

ਪ੍ਰ:-'ਗੁਰਨਾਮ ਹਮੇਸ਼ਾ ਦੂਜਿਆਂ ਦਾ ਭਲਾ ਕਰਨ ਵਾਲਾ ਬੰਦਾ ਹੈ।' ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਚੁਣੋ:-

ੳ)ਗੱਦਾਰ ਅ) ਸਮਕਾਲੀ ੲ) ਗਿਆਨੀ ਸ) ਪਰਉਪਕਾਰੀ

ਅਭਿਆਸ ਕਾਰਜ:-

ਪ੍ਰ:- ਭਗਤ ਸਿੰਘ ਨੇ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਕੀ-ਕੀ ਕੀਤਾ?

ਪ੍ਰ:-ਪਰਮਜੀਤ ਤੇ ਉਸਦੀ ਅੰਤਰਆਤਮਾ ਦਰਮਿਆਨ ਕੀ ਕੀ ਗੱਲਬਾਤ ਹੁੰਦੀ ਹੈ?

ਪ੍ਰ:-ਰੂਬਲ ਤੇ ਅਦਰਸ਼ ਕਿੱਥੇ ਪੜਦੇ ਸਨ?

ਪ੍ਰ:- ਲੋਕ ਭਰੂਣ ਹੱਤਿਆ ਕਿਉਂ ਕਰਦੇ ਹਨ?

ਪ੍ਰ:-ਕ੍ਰਿਕਟ ਦੇ ਖੇਡ ਵਿੱਚ ਕਿੰਨੇ ਖਿਡਾਰੀ ਹੁੰਦੇ ਹਨ?

ਪ੍ਰ:-ਕਿਸ ਨੇ ਕਿਸ ਨੂੰ ਕਹੇ

"ਬੱਚਿਓ, ਤੁਸੀਂ ਹੈਰਾਨ ਹੋ ਰਹੇ ਹੋਵੋਗੇ ਕਿ ਮੈਂ ਇਸ ਸਧਾਰਨ ਜਿਹੇ ਬੰਦੇ ਨੂੰ ਇਨਾ ਮਾਣ ਸਤਿਕਾਰ ਕਿਉਂ ਦੇ ਰਿਹਾ ਹਾਂ।

ਪ੍ਰ:- ਫੌਜੀ ਦੇਸ਼ ਦੇ ਰਖਵਾਲੇ ਕਿਵੇਂ ਹਨ?